# ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥

## ਭਾਗ - 1

'ਮੈਲ' ਨੂੰ ਸਮਝਣ ਲਈ — ਇਸ ਦੇ ਉਲਟ 'ਨਿਰਮਲਤਾ' ਦਾ ਗਿਆਨ ਜ਼ਰੂਰੀ ਹੈ।

ਜਿਸ ਤਰ੍ਹਾਂ 'ਹਨੇਰੇ' ਦੀ ਆਪਣੀ ਕੋਈ ਹਸਤੀ ਨਹੀਂ ਹੈ, ਇਹ ਸਿਰਫ ਚਾਨਣ ਦੀ ਅਣਹੋਂਦ ਯਾ ਗੈਰ-ਹਾਜ਼ਰੀ ਤੋਂ ਉਤਪੰਨ ਹੁੰਦਾ ਹੈ। ਏਸੇ ਤਰ੍ਹਾਂ 'ਮੈਲ' ਦੀ ਭੀ ਆਪਣੀ ਕੋਈ ਹਸਤੀ ਨਹੀਂ। ਇਹ ਸਿਰਫ਼ ਮਾਇਕੀ ਮੰਡਲ ਵਿਚ, 'ਹਉਮੈ-ਵੇੜ੍ਹੇ' ਮਨ ਦੇ ਭਰਮ-ਭੁਲਾਵੇ ਦਾ —

ਪਰਛਾਵਾਂ
ਅਕਸ
ਪ੍ਰਤਿਬਿੰਬ
ਭੁੱਲ
ਅਗਿਆਨਤਾ
'ਹਨੇਰ' ਹੀ ਹੈ।

ਇਸ ਦੇ ਉਲਟ 'ਨਿਰਮਲਤਾ' ਆਤਮਿਕ ਮੰਡਲ ਦੇ ਪ੍ਰਕਾਸ਼ ਦਾ 'ਸਵੈ-ਗੁਣ' ਹੈ, ਜੋ—

ਨਿਰੰਜਨ ਹੈ
ਨਿਰ-ਆਕਾਰ ਹੈ
ਨਿਰਲੇਪ ਹੈ
ਆਤਮ ਜੋਤ ਹੈ
ਜੋਤ ਪ੍ਰਕਾਸ਼ ਹੈ
ਬਾਣੀ ਰੂਪ ਹੈ
ਸੱਚ ਹੈ
ਸਬਦ ਹੈ
ਨਾਮ ਹੈ।

ਜਿਸ ਤਰ੍ਹਾਂ ਸੂਰਜ ਦੀ ਰੋਸ਼ਨੀ 'ਨਿਰਮਲ' ਹੁੰਦੀ ਹੈ, ਪਰ ਬੱਦਲਾਂ, ਧੂੰਏ, ਧੂੜ ਆਦਿ

ਨਾਲ ਧੁੰਧਲੀ ਹੋ ਜਾਂਦੀ ਹੈ। ਏਸੇ ਤਰ੍ਹਾਂ ਅੰਤ੍-ਆਤਮੇ 'ਆਤਮ-ਜੋਤ' ਨਿਰਮਲ ਹੈ, ਪਰ ਜਦ ਇਸ ਦੇ 'ਪ੍ਰਕਾਸ਼' ਦੇ ਉਦਾਲੇ –

ਮਾਇਆ ਦਾ ਛੌੜ
ਹਉਮੈ ਦਾ ਭਰਮ-ਭੁਲਾਵਾ
ਨੀਵੇਂ ਖਿਆਲਾਂ ਦੇ ਬੱਦਲ
ਮਾਇਕੀ ਕਰਮਾਂ ਦੀ ਧੂੜ
ਨੀਵੀਂ ਸੰਗਤ ਦੀ ਰੰਗਤ
'ਦੂਜੇ ਭਾਉ' ਦੀ ਧੁੰਧ
ਅੰਤਿਸ਼ਕਰਨ ਦੀ ਹਵਾੜ
ਮੈਂ-ਮੇਰੀ ਦਾ ਮੈਲਾ ਗਿਲਾਫ਼

ਚੜ੍ਹ ਜਾਂਦਾ ਹੈ, ਤਾਂ ਆਤਮਿਕ 'ਨਿਰਮਲ ਪ੍ਰਕਾਸ਼' ਤੋਂ ਅਸੀਂ ਵਾਂਝੇ ਰਹਿ ਜਾਂਦੇ ਹਾਂ।

ਬਿਜਲੀ ਦਾ ਕਰੰਟ ਤਾਂ ਨਿਰਮਲ ਹੁੰਦਾ ਹੈ, ਪਰ ਬਲਬਾਂ (bulbs) ਦੇ ਅੱਡ-ਅੱਡ ਰੰਗ ਹੁੰਦੇ ਹਨ। ਇਹਨਾਂ ਬਲਬਾਂ ਦੀ ਰੰਗਤ ਅਨੁਸਾਰ ਸਾਨੂੰ ਰੰਗੀਨ ਰੋਸ਼ਨੀ ਮਿਲਦੀ ਹੈ।

ਇਸੇ ਤਰ੍ਹਾਂ ਸਾਡੀ ਨਿਗਾਹ (vision) ਤਾਂ ਨਿਰਮਲ ਹੁੰਦੀ ਹੈ, ਪਰ ਭਿੰਨ-ਭਿੰਨ ਰੰਗੀਨ ਐਨਕਾਂ ਅਨੁਸਾਰ ਸਾਡੀ ਨਜ਼ਰ ਕਾਲੀ, ਪੀਲੀ, ਹਰੀ, ਲਾਲ ਆਦਿ ਰੰਗਾਂ ਵਾਲੀ ਹੋ ਜਾਂਦੀ ਹੈ।

ਅਸੀਂ ਆਪੋ-ਆਪਣੇ 'ਰੰਗੀਨ ਮਨ' ਦੀਆਂ 'ਐਨਕਾਂ' ਵਾਲੀ ਰੰਗੀਨ ਮੈਲੀ ਦ੍ਰਿਸ਼ਟੀ ਨੂੰ ਹੀ ਨਿਰਮਲ ਤੇ ਸੱਚ ਸਮਝੀ ਬੈਠੇ ਹਾਂ।

ਇਸ ਤਰ੍ਹਾਂ ਅਸੀਂ ਇਲਾਹੀ ਪ੍ਰਕਾਸ਼ ਦੀ 'ਨਿਰਮਲਤਾ' ਤੇ ਅਸਲੀਅਤ ਤੋਂ –

ਬੇਖਬਰ
ਅਣਜਾਣ
ਅਗਿਆਨੀ
ਅਵੇਸਲੇ
ਬੇ-ਪ੍ਰਵਾਹ ਹਾਂ।

ਅਕਾਲ ਪੁਰਖ ਦੇ 'ਕਵਾਉ' ਯਾ 'ਹੁਕਮ' ਅਨੁਸਾਰ ਇਹ 'ਕਾਇਨਾਤ', ਕੁਦਰਤੀ 'ਪੰਜ ਤੱਤਾਂ ਦਾ ਹੀ' –

ਮਿਲ ਗੋਭਾ ਹੈ
ਪ੍ਰਕਿਰਤੀ ਹੈ
ਪ੍ਰਗਟਾਵਾ ਹੈ
ਰਚਨਾ ਹੈ।

ਇਸ ਤਰ੍ਹਾਂ ਇਹ 'ਪੰਜ ਤੱਤ' ਤ੍ਰੈ-ਗੁਣੀ ਮਾਇਕੀ ਮੰਡਲ ਦੇ ਕੁਦਰਤੀ ਬੀਜ-ਰੂਪ

ਹਨ, ਜਿਨ੍ਹਾਂ ਰਾਹੀਂ ਸ੍ਰਿਸ਼ਟੀ ਦੀ ਰਚਨਾ ਬਣੀ ਅਤੇ ਚਲ ਰਹੀ ਹੈ।

ਗੁਰਬਾਣੀ ਅੰਦਰ ਸਾਰੀ 'ਮਾਇਕੀ ਰਚਨਾ' ਨੂੰ ਕੂੜ, ਭਰਮ ਅਤੇ ਅਸੱਤ ਦਸਿਆ ਗਿਆ ਹੈ। ਇਸ ਲਈ ਇਹ ਤ੍ਰੈ-ਗੁਣੀ 'ਮਾਇਕੀ ਮੰਡਲ' ਅਤੇ ਉਸ ਦੇ 'ਤੱਤ' ਭੀ ਬਿਨਸਨਹਾਰ, ਬਦਲਵੇਂ ਅਤੇ 'ਭਰਮ' ਹੀ ਹਨ।

ਜੋ ਕੂੜ, ਭਰਮ, ਅਸੱਤ, ਬਦਲਵਾਂ ਅਤੇ ਚਲਾਏਮਾਨ ਹੈ, ਉਹ ਸਭ ਕੁਛ ਗੰਧਲਾ ਅਤੇ ਮੈਲਾ ਹੀ ਹੈ, ਕਿਉਂਕਿ ਕਾਇਨਾਤ ਅਤੇ ਇਸ ਦੀ ਕੁਦਰਤ, ਮਾਇਕੀ ਮੰਡਲ ਦੇ ਭਰਮ ਭੁਲਾਵੇ ਦਾ ਗੰਧਲਾ ਪਰਛਾਵਾਂ ਅਤੇ 'ਮੈਲ' ਹੀ ਹੈ।

ਅਸਲ ਵਿਚ ਇਹ ਸਾਰੀ ਕਾਇਨਾਤ ਅਤੇ ਇਸ ਦੇ ਕੁਦਰਤੀ 'ਤੱਤ' ਇਲਾਹੀ 'ਆਦਿ ਪ੍ਰੇਮ ਤਤ', ਨਾਮ ਅਥਵਾ ਸ਼ਬਦ ਦਾ ਹੀ —

ਅਕਸ
ਪ੍ਰਤਿਬਿੰਬ
ਪ੍ਰਕਾਸ਼
ਵਿਕਾਸ
ਪ੍ਰਕਿਰਤੀ
ਪ੍ਰਵਿਰਤੀ ਹੀ ਹਨ।

ਦੂਜੇ ਲਫ਼ਜ਼ਾਂ ਵਿਚ 'ਆਦਿ-ਪ੍ਰੇਮ-ਤੱਤ' ਯਾ 'ਇਲਾਹੀ ਜੋਤ' ਹੀ ਸੱਚ ਅਤੇ ਨਿਰਮਲ ਹੋ ਸਕਦੀ ਹੈ, ਯਾ ਇਉਂ ਕਹੋ ਕਿ ਸਹੀ ਮਾਅਨਿਆਂ ਵਿਚ ਅਸਲੀ, ਅਤਿ ਸੂਖਮ, ਸੱਚੀ, ਨਿਰੰਜਨ, ਨਿਰਾਕਾਰ 'ਨਿਰਮਲਤਾ'—ਇਲਾਹੀ 'ਪ੍ਰੇਮ ਜੋਤ', ਨਾਮ, ਸ਼ਬਦ ਦਾ ਹੀ 'ਸਵੈ ਗੁਣ' ਹੈ।

ਗੁਰਬਾਣੀ ਵਿਚ ਇਸ ਆਤਮਿਕ 'ਨਿਰਮਲਤਾ' ਨੂੰ ਇਉਂ ਦਰਸਾਇਆ ਗਿਆ ਹੈ—

ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥ (ਪੰਨਾ-੫੭)

ਨਿਰਮਲ ਸਬਦੁ ਨਿਰਮਲ ਹੈ ਬਾਣੀ ॥
ਨਿਰਮਲ ਜੋਤਿ ਸਭ ਮਾਹਿ ਸਮਾਣੀ ॥......
ਨਿਰਮਲ ਤੇ ਸਭ ਨਿਰਮਲ ਹੋਵੈ॥
ਨਿਰਮਲੁ ਮਨੂਆ ਹਰਿ ਸਬਦਿ ਪਰੋਵੈ॥ (ਪੰਨਾ-੧੨੧)

ਕਰਿ ਕਿਰਪਾ ਜਿਸ ਕਉ ਨਾਮੁ ਦੀਆ॥
ਨਾਨਕ ਸੋ ਜਨੁ ਨਿਰਮਲੁ ਥੀਆ॥ (ਪੰਨਾ-੨੪੩)

ਗੁਰਮੁਖੇ ਮਨੁ ਨਿਰਮਲੁ ਹੋਆ ਨਿਰਮਲ ਹਰਿ ਗੁਣ ਗਾਏ ਰਾਮ ॥ (ਪੰਨਾ-੭੭ )

ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ॥ (ਪੰਨਾ-੭੪੬)

ਨਿਰਮਲੁ ਨਿਰਾਹਾਰੁ ਨਿਹਕੇਵਲੁ ॥
ਸੂਚੈ ਸਾਚੇ ਨਾ ਲਾਗੈ ਮਲੁ ॥ (ਪੰਨਾ–੮੪ )

ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥ (ਪੰਨਾ–੯੧੯)

ਜਿਸ ਨੋ ਤੇਰਾ ਅੰਗੁ ਸੁ ਨਿਰਮਲੀ ਹੂੰ ਨਿਰਮਲਾ ॥ (ਪੰਨਾ–੯੬੧)

ਨਾਮਿ ਰਤੇ ਤਿਨ ਨਿਰਮਲ ਦੇਹਾ ॥
ਨਿਰਮਲ ਹੰਸਾ ਸਦਾ ਸੁਖੁ ਨੇਹਾ ॥ (ਪੰਨਾ–੧ ੬੪)

ਆਪੁ ਪਛਾਣੈ ਸੋਈ ਜਨੁ ਨਿਰਮਲੁ ਬਾਣੀ ਸਬਦੁ ਸੁਣਾਇਦਾ ॥ (ਪੰਨਾ–੧ ੬5)

ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ॥ (ਪੰਨਾ–੧੧੩੩)

ਤੂੰ ਆਪਿ ਨਿਰਮਲੁ ਤੇਰੇ ਜਨ ਹੈ ਨਿਰਮਲ ਗੁਰ ਕੈ ਸਬਦਿ ਵੀਚਾਰੇ॥ (ਪੰ–੧੧55)

ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ॥ (ਪੰ–੧੨੩੪)

ਉਪਰਲੀਆਂ ਵਿਚਾਰਾਂ ਤੋਂ ਸਪਸ਼ਟ ਹੈ ਕਿ 'ਹਰੀ' ਦੀ 'ਆਦਿ ਪ੍ਰੇਮ ਜੋਤ' ਦਾ ਪ੍ਰਕਾਸ਼ ਰੂਪ 'ਨਾਮ' ਯਾ 'ਸਬਦ' ਹੀ ਨਿਰਮਲ ਹੈ।

ਇਸ 'ਆਤਮ–ਜੋਤ–ਪ੍ਰਕਾਸ਼' ਤੋਂ ਬਗੈਰ, ਹੋਰ ਸਗਲ ਤ੍ਰੈ–ਗੁਣੀ ਮਾਇਕੀ ਮੰਡਲ ਦੀ ਰਚਨਾ ਅਤੇ ਇਸ ਰਚਨਾ ਅੰਦਰ ਸਾਰੇ ਕਰਮ, ਕ੍ਰਿਆ, ਧਰਮ, ਜੋਗ–ਸਾਧਨ ਆਦਿ ਮਲੀਨ ਤੇ ਮੈਲੇ ਹਨ।

ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥ (ਪੰਨਾ–5੭)

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥ (ਪੰਨਾ–558)

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ (ਪੰਨਾ–੭5੬)

ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥ (ਪੰਨਾ–੯੧ )

ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥
ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥
ਮੈਲੇ ਬ੍ਰਹਮੰਡਾਇ ਕੈ ਈਸ ॥ ਮੈਲੇ ਨਿਸਿ ਬਾਸੁਰ ਦਿਨ ਤੀਸ ॥
ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥
ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥
ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥
ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥ (ਪੰ–੧੧58)

ਮੈਲਾ ਹਰਿ ਕੇ ਨਾਮ ਬਿਨੁ ਜੀਉ ॥ (ਪੰਨਾ-੧੨੨੪)

ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ॥ (ਪੰਨਾ-੧੨੩੪)

ਉਪਰਲੀਆ ਵਿਚਾਰਾਂ ਵਿਚ 'ਇਲਾਹੀ ਨਿਰਮਲਤਾ' ਦੀ ਵਿਆਖਿਆ ਕੀਤੀ ਗਈ ਹੈ। ਹੁਣ ਗੁਰਬਾਣੀ ਦੀ ਰੋਸ਼ਨੀ ਵਿਚ, 'ਮੈਲ' ਦੀ ਬਾਬਤ ਵਿਚਾਰ ਕਰਨੀ ਹੈ —

ਧੁੱਪ ਦੀ ਗਰਮੀ ਨਾਲ ਸਮੁੰਦਰ ਦਾ ਮਲੀਨ ਪਾਣੀ ਸਾਫ਼ ਅਤੇ ਹਲਕਾ ਹੋ ਕੇ, 'ਭਾਫ਼' ਦੀ ਸ਼ਕਲ ਵਿਚ ਅਕਾਸ਼ ਵਲ ਉਡ ਜਾਂਦਾ ਹੈ। ਜਦ ਇਹ 'ਭਾਫ਼' ਯਾ 'ਬੱਦਲ' ਪਹਾੜਾਂ ਨਾਲ ਟਕਰਾਉਂਦਾ ਹੈ, ਤਾਂ ਬਰਸਾਤ ਦੀ ਸ਼ਕਲ ਵਿਚ ਧਰਤੀ ਤੇ ਵਰ੍ਹਦਾ ਹੈ। ਜਿਉਂ-ਜਿਉਂ ਇਹ 'ਨਿਰਮਲ ਭਾਫ਼' ਤੋਂ ਬਣਿਆ ਹੋਇਆ 'ਪਾਣੀ', ਧਰਤੀ ਤੇ ਗੰਧਲੇ ਵਾਯੂ ਮੰਡਲ ਵਿਚ ਦੀ ਲੰਘਦਾ ਹੈ — ਤਿਉਂ-ਤਿਉਂ ਇਹ ਪਾਣੀ ਮੁੜ ਗੰਧਲਾ ਹੁੰਦਾ ਜਾਂਦਾ ਹੈ। ਪਹਾੜਾਂ, ਨਾਲਿਆਂ, ਨਦੀਆਂ ਅਤੇ ਦਰਿਆਵਾਂ ਰਾਹੀਂ ਵਗਦਾ ਹੋਇਆ, ਇਹ ਪਾਣੀ ਧਰਤੀ ਦੀ ਮਲੀਨਤਾ ਨਾਲ ਹੋਰ ਗੰਧਲਾ ਹੁੰਦਾ ਜਾਂਦਾ ਹੈ।

ਏਸੇ ਤਰ੍ਹਾਂ ਅਕਾਸ਼ ਦੀ 'ਹਵਾ' ਸਾਫ਼ ਸੁਥਰੀ ਹੁੰਦੀ ਹੈ, ਪਰ ਜਿਉਂ-ਜਿਉਂ ਧਰਤੀ ਦੇ ਵਾਯੂ ਮੰਡਲ ਦੀ ਧੂੜ, ਧੂੰਆਂ ਅਤੇ ਬਦਬੂ ਆਦਿ ਨਾਲ ਇਹ 'ਹਵਾ' ਗੰਧਲੀ ਹੁੰਦੀ ਜਾਂਦੀ ਹੈ — ਤਿਉਂ-ਤਿਉਂ ਇਹ ਭਾਰੀ ਅਤੇ 'ਮੈਲੀ' ਹੁੰਦੀ ਜਾਂਦੀ ਹੈ।

ਸ਼ਹਿਰਾਂ ਵਿਚ ਭੀ ਧੂੰਏ, ਧੂੜ, ਨਾਲੀਆਂ ਦੀ ਬਦਬੂ ਅਤੇ ਕਾਰਖਾਨਿਆਂ ਦੀ ਗੰਦੀ ਹਵਾੜ ਨਾਲ, ਨਿਰਮਲ ਹਵਾ 'ਗੰਧਲੀ' ਹੋ ਜਾਂਦੀ ਹੈ।

ਏਸੇ ਤਰ੍ਹਾਂ ਖੇਤਾਂ ਦੇ ਖੁਲ੍ਹੇ ਵਾਯੂ ਮੰਡਲ ਦੀ ਹਵਾ, ਸ਼ਹਿਰਾਂ ਦੀ ਘਣੀ ਵਸੋਂ ਦੀ ਹਵਾ ਨਾਲੋਂ, ਸਾਫ਼-ਸੁਥਰੀ ਤੇ ਤਾਜ਼ੀ ਹੁੰਦੀ ਹੈ।

ਇਹਨਾਂ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਹਰ ਇਕ ਕੁਦਰਤੀ ਤੱਤ, ਆਪਣੇ ਅਸਲੀ 'ਤਤ-ਸਰੂਪ' ਵਿਚ 'ਸਾਫ਼' ਅਤੇ 'ਨਿਰਮਲ' ਹੁੰਦਾ ਹੈ, ਪਰ ਜਦ ਇਹਨਾਂ ਤੱਤਾਂ ਨਾਲ ਹੋਰ ਮਲੀਨ ਜੁਜ਼ ਮਿਲਦੇ ਹਨ, ਤਾਂ ਇਹੋ 'ਤੱਤ' ਗੰਧਲੇ ਅਤੇ ਮਲੀਨ ਹੋ ਜਾਂਦੇ ਹਨ।

ਸਮਝਣ ਵਾਲੀ ਜ਼ਰੂਰੀ ਗੱਲ ਇਹ ਹੈ ਕਿ ਕੁਦਰਤੀ 'ਤੱਤ', ਜਿਹਾ ਕਿ — ਰੋਸ਼ਨੀ, ਪਾਣੀ, ਅਗਨੀ, ਹਵਾ, ਅਕਾਸ਼ ਅਪਣੇ ਆਪ ਵਿਚ ਨਿਰੋਲ ਤੇ ਸਾਫ਼ ਹੁੰਦੇ ਹਨ। ਜਦ ਇਹਨਾਂ 'ਤੱਤਾਂ' ਉਤੇ ਹੋਰਨਾਂ ਚੀਜ਼ਾਂ ਦਾ ਅਸਰ ਯਾ ਅਕਸ ਪੈਂਦਾ ਹੈ, ਤਾਂ ਉਹੋ 'ਤੱਤ' ਮਲੀਨ ਪ੍ਰਤੀਤ ਹੁੰਦੇ ਹਨ, ਪਰ ਅਸਲ ਵਿਚ ਇਹ 'ਤੱਤ' ਆਪਣੇ ਆਪ ਵਿਚ 'ਮੈਲ-ਰਹਿਤ' ਹੁੰਦੇ ਹਨ।

ਉਪਰਲੀਆਂ ਉਦਾਹਰਣਾਂ ਵਿਚ ਜੋ 'ਮੈਲ' ਦਰਸਾਈ ਗਈ ਹੈ, ਉਹ ਸਭ ਤ੍ਰੈ-ਗੁਣੀ ਮਾਇਕੀ ਮੰਡਲ ਦਾ 'ਪਰਛਾਵਾਂ' ਯਾ 'ਰੰਗਤ' ਹੀ ਹੈ।

ਐਨ ਏਸੇ ਤਰ੍ਹਾਂ ਸਾਡੀ 'ਆਤਮ-ਪ੍ਰਮ-ਜੋਤ' ਦਾ ਪ੍ਰਕਾਸ਼ 'ਨਿਰਮਲ' ਹੁੰਦਾ ਹੈ, ਪਰ ਸਾਡੇ ਨੀਵੇਂ ਮਲੀਨ ਖਿਆਲਾਂ ਦੀ 'ਰੰਗਤ' ਨਾਲ ਸਾਡਾ ਮਨ ਮੈਲਾ ਹੋ ਜਾਂਦਾ ਹੈ।

ਇਹ ਸਾਡੀ ਅੰਦਰਲੀ 'ਮੈਲ' ਸਾਡੀ ਆਪੂੰ ਲਾਈ ਹੋਈ ਹੈ—ਜਿਹੜੀ ਸਾਡੀ ਸੁਰਤ ਨੂੰ ਮਾਇਕੀ ਮੰਡਲ ਵਲ ਬਾਹਰਮੁਖੀ ਕਰਕੇ, ਖਿੰਡਾਉ ਵਿਚ ਲੈ ਜਾਂਦੀ ਹੈ। ਇਸ ਤਰ੍ਹਾਂ ਅੰਦਰਲੇ 'ਅਗਨ-ਸੋਕ-ਸਾਗਰ' ਵਿਚ ਸਾਡੀ ਸੁਰਤ 'ਤਪ' ਜਾਂਦੀ ਹੈ। ਇਹ ਸਾਡੇ ਮਨ ਦੀ 'ਮੈਲ', ਸਾਡੀ ਅੰਦਰਲੀ ਅੱਗ ਦਾ ਧੂੰਆਂ ਹੈ, ਜਿਹੜਾ ਸਾਡੀ 'ਰੂਹ' ਨੂੰ ਮੈਲਾ ਕਰ ਜਾਂਦਾ ਹੈ। ਆਪਣੇ ਹੀ ਨੀਵੇਂ ਅਤੇ ਮੈਲੇ ਖਿਆਲਾਂ ਦੀ 'ਛੋਹ' ਨਾਲ, ਸਾਡਾ ਮਨ ਮਲੀਨ ਹੋ ਜਾਂਦਾ ਹੈ ਤੇ ਸਾਡੀ ਸੁਰਤ 'ਮਾਇਕੀ ਅਗਨ' ਨਾਲ —

ਤਪ ਜਾਂਦੀ ਹੈ
ਖਿੰਡ ਜਾਂਦੀ ਹੈ
ਮੈਲੀ ਹੋ ਜਾਂਦੀ ਹੈ
ਭਾਰੀ ਹੋ ਜਾਂਦੀ ਹੈ

ਤੇ ਅਸੀਂ 'ਪੰਜ ਵਾਸ਼ਨਾਵਾਂ' ਦੇ ਅਧੀਨ ਕਰਮ ਕਰਦੇ ਤੇ ਨਤੀਜੇ ਭੋਗਦੇ ਹਾਂ।

ਇਲਾਹੀ ਹੁਕਮ ਅਨੁਸਾਰ ਦੋ ਅੱਡ-ਅੱਡ ਮੰਡਲ ਹਨ —

1. ਆਤਮਿਕ ਮੰਡਲ—ਇਸ ਨੂੰ ਗੁਰਬਾਣੀ ਵਿਚ 'ਸੱਚ ਖੰਡ', 'ਬੇਗਮਪੁਰਾ', 'ਨਿਜ ਘਰ', 'ਸੱਚ ਘਰ' ਆਦਿ ਕਿਹਾ ਗਿਆ ਹੈ। ਇਸ ਮੰਡਲ ਵਿਚ 'ਆਤਮ ਜੋਤ' ਦਾ 'ਪ੍ਰੇਮ-ਪ੍ਰਕਾਸ਼' ਹੈ। ਇਸ ਪ੍ਰਕਾਸ਼ ਨੂੰ 'ਨਾਮ', 'ਸਬਦ', 'ਅਕਲ-ਕਲਾ', 'ਹੁਕਮ', 'ਸੱਚ' ਆਦਿ ਅੱਖਰਾਂ ਨਾਲ ਦਰਸਾਇਆ ਗਿਆ ਹੈ। ਇਸ ਆਤਮ ਪ੍ਰਕਾਸ਼ ਦੇ ਮੰਡਲ ਵਿਚ —

ਸਦਾ ਸੁਖ
ਸਦਾ ਖੇੜਾ
ਸਦਾ ਚਾਉ
ਸਦਾ ਚਾਨਣ
ਸਦੀਵੀ ਨਿਰਮਲਤਾ
ਸਦ ਜੀਵਨ
ਤਤ ਗਿਆਨ
ਪ੍ਰੀਤ
ਪ੍ਰੇਮ
ਸਹਿਜ
ਦਇਆ
ਖਿਮਾ

ਗੁਰਪ੍ਰਸਾਦਿ
ਨਦਰਿ ਕਰਮ
ਹੁਕਮ
ਨਾਮ
ਸਬਦ

ਦਾ ਪ੍ਰਵੇਸ਼ ਹੈ, ਅਤੇ ਇਸ ਮੰਡਲ ਵਿਚ —

ਹਉਮੈ
ਮੈਲ
ਦੁਖ
ਕਲੇਸ਼
ਮੌਤ
ਆਵਾਗਵਨ
ਅਗਿਆਨਤਾ
ਭਰਮ
ਹਨੇਰ
ਪਾਪ
ਜਮ

ਆਦਿ ਦਾ 'ਅਭਾਵ' ਹੈ।

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥ (ਪੰਨਾ-੩੪੫)

ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥ (ਪੰਨਾ-੭੩੯)

ਦੂਜੇ ਪਾਸੇ 'ਮਾਇਕੀ ਮੰਡਲ' ਹੈ, ਜਿਸ ਵਿਚ ਤ੍ਰੈ-ਗੁਣੀ ਮਾਇਆ ਦਾ 'ਖੇਲ-ਅਖਾੜਾ' ਹੈ, ਅਤੇ 'ਹਉਮੈ' ਦਾ ਬੋਲ ਬਾਲਾ ਹੈ।

ਇਸ 'ਮਾਇਕੀ ਮੰਡਲ' ਵਿਚ —

ਹਉਮੈ
ਭਰਮ
ਹਨੇਰ
ਮੈਲ
ਦੂਜਾ-ਭਾਵ

ਈਰਖਾ–ਦਵੈਤ
ਸਾੜਾ
ਪਾਪ–ਪੁੰਨ
ਦੁਖ–ਕਲੇਸ਼
ਜਮ
ਨਰਕ–ਸੁਰਗ
ਮੌਤ
ਆਵਾਗਵਨ
ਅਗਿਆਨਤਾ
ਕਰਮ–ਧਰਮ
ਕਾਮ–ਕ੍ਰੋਧ
ਲੋਭ–ਮੋਹ
ਆਸਾ–ਮਨਸਾ
ਤ੍ਰਿਸ਼ਨਾ
ਘਿਰਨਾ

ਆਦਿ ਦਾ 'ਵਰਤ–ਵਰਤਾਰਾ' ਹੈ।

ਇਸ 'ਮਾਇਕੀ ਮੰਡਲ' ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ —

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥ (ਪੰ–੬੪੩)

ਮਾਈ ਮਾਇਆ ਛਲੁ ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥
(ਪੰਨਾ–੭੧੭)

ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ ॥ (ਪੰਨਾ–੯ 8)

ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ॥
ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥ (ਪੰ–੧ ੪5)

ਬਿਨੁ ਕਰਮਾ ਸਭ ਭਰਮਿ ਭੁਲਾਈ॥
ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥
ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥ (ਪੰਨਾ–੧੧੭5)

ਮਾਇਆ ਮੋਹਿ ਸਗਲ ਜਗੁ ਛਾਇਆ ॥
ਕਾਮਣਿ ਦੇਖਿ ਕਾਮਿ ਲੋਭਾਇਆ ॥
ਸੁਤ ਕੰਚਨ ਸਿਉ ਹੇਤੁ ਵਧਾਇਆ ॥
ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥ (ਪੰਨਾ-੧੩੪੨)

ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ (ਪੰਨਾ-੧੪੧੪)

ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥ (ਪੰਨਾ-੧੪੧5)

ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ ॥
ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ ॥ (ਪੰਨਾ-੧੪੧੭)

ਅਸਲ ਵਿਚ 'ਮੈਲ' ਦਾ ਮੁੱਢਲਾ ਕਾਰਣ, ਜੀਵ ਦੀ 'ਹਉਮੈ' ਹੀ ਹੈ। 'ਹਉਮੈ' ਦੀ ਕਲਪਨਾ ਦੁਆਰਾ ਸਾਡੀ ਅੱਡਰੀ ਹਸਤੀ 'ਮੈਂ-ਮੇਰੀ' ਬਣਦੀ ਹੈ।

ਹਉਮੈ ਦੇ ਭਰਮ-ਭੁਲਾਵੇ ਵਿਚੋਂ ਹੀ —

ਕਾਮ
ਕ੍ਰੋਧ
ਲੋਭ
ਮੋਹ
ਹੰਕਾਰ

ਉਪਜਦੇ ਹਨ, ਜਿਨ੍ਹਾਂ ਦੇ ਅਸਰ ਹੇਠ ਅਨੇਕਾਂ ਨੀਵੇਂ ਤੇ ਮੈਲੇ —

ਖਿਆਲ
ਤਰੰਗ
ਵਲਵਲੇ
ਭਾਵਨਾ
ਈਰਖਾ-ਦਵੈਤ
ਰੋਸੇ-ਗਿਲੇ
ਸ਼ੱਕ
ਸਾੜਾ
ਕੁਲਝਨਾ
ਵੈਰ

ਵਿਰੋਧ

ਘਿਰਨਾ

ਆਦਿ ਦੀਆਂ ਅਨੇਕਾਂ ਵਾਸ਼ਨਾਵਾਂ ਉਤਪੰਨ ਤੇ ਪ੍ਰਵਿਰਤ ਹੁੰਦੀਆਂ ਹਨ।

ਇਹ ਸਾਰੀਆਂ ਵਾਸ਼ਨਾਵਾਂ ਯਾ ਨੀਵੇਂ ਖਿਆਲ—ਹਉਮੈ-ਵੇੜ੍ਹੇ ਮਨ ਦੀ 'ਮੈਲ' ਹੀ ਹੈ।

ਗੁਰਬਾਣੀ ਵਿਚ ਭੀ 'ਮਾਨਸਿਕ ਮੈਲ' ਦਾ ਮੁੱਢਲਾ ਕਾਰਣ 'ਹਉਮੈ' ਅਤੇ ਇਸ ਤੋਂ ਉਪਜਿਆ ਹੋਇਆ 'ਦੂਜਾ-ਭਾਉ' ਹੀ ਦਸਿਆ ਗਿਆ—

ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ (ਪੰਨਾ-੨੯)

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥ (ਪੰਨਾ-੩੯)

ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥
ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ॥ (ਪੰ-੧੨੧)

ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥...
ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥ (ਪੰ-5੭ )

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ (ਪੰਨਾ-੭5੬)

ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ ॥
ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ ॥ (ਪੰਨਾ-੧੪੧5)

ਗੁਰਬਾਣੀ ਵਿਚ ਇਸ 'ਮੈਲ' ਨੂੰ ਹੋਰ ਸਪਸ਼ਟ ਕਰਕੇ ਇਉਂ ਦਰਸਾਇਆ ਗਿਆ ਹੈ —

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ (ਪੰਨਾ-੬5੧)

ਜੇਤਾ ਮੋਹੁ ਪਰੀਤਿ ਸੁਆਦ ॥
ਸਭਾ ਕਾਲਖ ਦਾਗਾ ਦਾਗ ॥
ਦਾਗ ਦੋਸ ਮੁਹਿ ਚਲਿਆ ਲਾਇ ॥
ਦਰਗਹ ਬੈਸਣ ਨਾਹੀ ਜਾਇ ॥ (ਪੰਨਾ-੬੬੨)

ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥ (ਪੰ-੭੪੭)

ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ॥
ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ॥ (ਪੰਨਾ-੪੧੩)

ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥ (ਪੰ-੯੧ )

ਅੰਤਰਿ ਲੋਭੁ ਮਨਿ ਮੈਲੇ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ ॥
ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥ (ਪੰਨਾ-੧ ੬੨)

ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ ॥ (ਪੰ-੧੨੩੪)

ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ ॥ (ਪੰ-੧੩੨੪)

ਜਿਉਂ-ਜਿਉਂ ਅਸੀਂ 'ਹਉਮੈ' ਅਤੇ 'ਦੂਜੇ ਭਾਉ' ਦਾ ਆਪਣੇ ਰੋਜ਼ਾਨਾ ਜੀਵਨ ਵਿਚ ਅਭਿਆਸ ਕਰਦੇ ਹਾਂ—ਤਿਉਂ-ਤਿਉਂ ਮਨ ਦੀ ਮੈਲ 'ਗੂੜ੍ਹੀ' ਹੁੰਦੀ ਜਾਂਦੀ ਹੈ, ਜੋ ਸਾਨੂੰ ਅਧਿਆਤਮਿਕ ਪੰਧ ਤੋਂ ਦੁਰੇਡੇ ਲੈ ਜਾਂਦੀ ਹੈ।

ਮੁੜ-ਮੁੜ ਯਾਦ ਕਰਕੇ ਦੁਹਰਾਉਣ ਨਾਲ ਇਹ 'ਮੈਲ' ਸਾਡੇ ਹਿਰਦੇ ਦੀਆਂ ਡੂੰਘਿਆਈਆਂ ਅਤੇ ਅੰਤਿਸ਼ਕਰਨ ਵਿਚ ਉਤਰਦੀ ਜਾਂਦੀ ਹੈ। ਇਸ ਤਰ੍ਹਾਂ ਸਾਡੀਆਂ ਰੁਚੀਆਂ, ਸੁਭਾਉ, ਆਚਰਨ ਅਤੇ ਸ਼ਖਸੀਅਤ ਭੀ ਨੀਵੀਂ, ਮਲੀਨ ਅਤੇ ਘਿਰਣਤ ਹੁੰਦੀ ਜਾਂਦੀ ਹੈ ਅਤੇ ਸਾਡਾ ਜੀਵਨ ਦੁਖਦਾਈ ਅਤੇ ਨਰਕੀ ਬਣਦਾ ਜਾਂਦਾ ਹੈ। ਐਸੇ ਮਲੀਨ ਤੇ ਘਿਰਣਤ ਸੁਭਾਉ ਅਤੇ ਆਚਾਰ ਨਾਲ, ਸਾਡੇ ਘਰਾਂ ਅਤੇ ਸਮੁੱਚੇ ਸੰਸਾਰ ਦੇ ਵਾਤਾਵਰਣ ਉਤੇ ਭੈੜਾ ਅਸਰ ਪੈਂਦਾ ਜਾ ਰਿਹਾ ਹੈ—ਜਿਸ ਕਰਕੇ ਦੁਨੀਆਂ ਵਿਚ ਅਸ਼ਾਂਤੀ, ਵੈਰ, ਵਿਰੋਧ, ਝਗੜੇ ਅਤੇ ਲੜਾਈਆਂ ਵੱਧ ਰਹੀਆਂ ਹਨ।

ਨੀਵੇਂ ਖਿਆਲਾਂ ਅਤੇ ਘਿਰਣਤ ਸੁਭਾਉ ਦਾ ਸਭ ਤੋਂ ਜ਼ਿਆਦਾ ਹਾਨੀਕਾਰਕ ਅਸਰ ਸਾਡੇ ਰੋਜ਼ਾਨਾ ਜੀਵਨ ਦੇ ਹਰ ਇਕ —

ਖਿਆਲ
ਸੋਚਣੀ
ਚਿਤਵਨੀ
ਵਿਚਾਰ
ਵਲਵਲੇ
ਭਾਵਨਾ
ਗਿਆਨ
ਨਿਸਚੇ
ਕਰਮ
ਧਰਮ

ਵਰਤਾਵੇ
ਕਹਿਣੀ
ਰਹਿਣੀ
ਬਹਿਣੀ

ਆਦਿ, ਉਤੇ ਪੈਂਦਾ ਹੈ ਅਤੇ ਸਾਡੇ ਕਾਰ-ਵਿਹਾਰ ਅਤੇ ਆਚਾਰ ਵਿਚ ਪ੍ਰਗਟ ਹੁੰਦਾ ਹੈ, ਜਿਸ ਨਾਲ ਸਾਡਾ ਸਮੁੱਚਾ ਜੀਵਨ ਮੈਲਾ, ਦੁਖਦਾਈ ਅਤੇ ਘਿਰਣਤ ਹੁੰਦਾ ਜਾਂਦਾ ਹੈ —

ਏਥੇ ਹੀ ਬਸ ਨਹੀਂ ਇਹਨਾਂ —

ਨੀਵੇਂ ਖਿਆਲਾਂ
ਮਲੀਨ ਸੋਚਣੀ
ਘਿਰਣਤ ਵਰਤਾਵੇ
ਰੋਸੇ-ਗਿਲੇ
ਸਾੜੇ

ਆਦਿ, ਨੂੰ ਘੋਟ-ਘੋਟ ਕੇ ਅਸੀਂ ਆਪਣੇ ਹਿਰਦੇ ਵਿਚ ਬੇਅੰਤ ਮਿਸਲਾਂ ਯਾ 'ਗੰਢਾ' ਬਣਾਈ ਜਾਂਦੇ ਹਾਂ।

ਜਦ ਕਦੇ ਕਿਸੇ ਦੇ ਯਾਦ ਆਉਣ ਨਾਲ ਉਸਦੀ 'ਮਿਸਲ' ਖੁਲ੍ਹਦੀ ਹੈ, ਤਾਂ ਉਸ ਵਿਚੋਂ ਐਸੀ 'ਜ਼ਹਿਰੀਲੀ ਹਵਾੜ' ਨਿਕਲਦੀ ਹੈ ਕਿ ਸਾਡਾ ਤਨ-ਮਨ, ਕ੍ਰੋਧ ਅਤੇ ਘਿਰਣਾ ਨਾਲ ਸੜ-ਬਲ ਜਾਂਦਾ ਹੈ। ਅਸੀਂ ਕਈਆਂ ਨੂੰ ਇਉਂ ਕਹਿੰਦਿਆਂ ਭੀ ਸੁਣਿਆ ਹੈ, "ਨੀ ਤੂੰ, ਉਸ ਮਨਹੂਸ ਦਾ ਨਾਉਂ ਕਿਉਂ ਲਿਆ ? ਉਸ ਦੀ ਯਾਦ ਨਾਲ ਮੈਨੂੰ 'ਸਣ ਕਪੜੀ' ਅੱਗ ਲਗ ਗਈ।"

ਇਹੋ ਜਿਹੀਆਂ ਜ਼ਹਿਰੀਲੀ ਮੈਲ ਨਾਲ ਭਰੀਆਂ ਹੋਈਆਂ ਅਨੇਕਾਂ 'ਗੰਢਾਂ' ਯਾ 'ਮਿਸਲਾਂ' ਅਸੀਂ ਆਪਣੇ ਹਿਰਦਿਆਂ ਦੀਆਂ ਡੂੰਘਿਆਈਆਂ ਵਿਚ ਸਾਂਭ-ਸਾਂਭ ਕੇ ਰਖੀਆਂ ਹੋਈਆਂ ਹਨ।

ਕੈਸੀ ਦੁਖ ਦੀ ਗੱਲ ਹੈ ਕਿ ਜਿਸ ਹਿਰਦੇ ਵਿਚ ਅਕਾਲ ਪੁਰਖ ਦਾ ਨਿਰਮਲ ਨਾਮ, ਸਬਦ, ਪ੍ਰੀਤ, ਪ੍ਰੇਮ-ਭਾਵਨਾ, ਰਸ ਅਤੇ ਚਾਉ ਭਰਨਾ ਸੀ—ਉਥੇ ਇਹੋ ਜਿਹੇ ਗਲੀਨ, ਮਲੀਨ, ਘਿਰਣਤ ਅਤੇ ਅਤਿਅੰਤ ਜ਼ਹਿਰੀਲੀ ਭਾਵਨਾਵਾਂ ਵਾਲੀਆਂ ਗੰਢਾਂ ਯਾ ਮਿਸਲਾਂ ਦੀ ਰੂੜ੍ਹੀ ਆਪਣੇ ਹਿਰਦੇ ਦੇ ਆਂਗਣ ਯਾ ਸਟੋਰ ਵਿਚ ਸਾਂਭ-ਸਾਂਭ ਕੇ ਰਖੀ ਬੈਠੇ ਹਾਂ, ਅਤੇ ਫੇਰ ਭੀ ਆਪਣੇ ਆਪ ਨੂੰ 'ਭਲੇ-ਭਲੇਰੇ' ਅਤੇ 'ਧਰਮੀ' ਬਣਨ ਦਾ 'ਦਾਵਾ' ਕਰਦੇ ਹਾਂ।

ਇਹੋ ਜਿਹੇ ਮਲੀਨ ਭਾਵਨਾਵਾਂ ਨਾਲ ਭਰੇ ਹੋਏ ਹਿਰਦਿਆਂ ਵਿਚ ਨਿਰਮਲ 'ਸਚ', 'ਨਾਮ' ਅਥਵਾ 'ਸਬਦ' ਕਿਸ ਤਰ੍ਹਾਂ ਵਸ ਸਕਦਾ ਹੈ ?

ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ (ਪੰਨਾ-੩੯)

ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥ (ਪੰਨਾ-੪੯5)

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥.....
ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥ (ਪੰਨਾ-558)

ਮੈਲਾ ਮਲਤਾ ਇਹੁ ਸੰਸਾਰੁ ॥
ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥ (ਪੰਨਾ-੧੧58)

ਇਹੋ ਕਾਰਨ ਹੈ ਕਿ ਭਾਵੇਂ ਅਸੀਂ ਪਾਠ, ਪੂਜਾ, ਧਰਮ, ਕਰਮ, ਦਾਨ-ਪੁੰਨ, ਜੋਗ ਸਾਧਨ ਤਾਂ ਬਹੁਤ ਕਰਦੇ ਹਾਂ, ਪਰ ਸਾਡੀ ਧਾਰਮਿਕ ਕਰਮ-ਕ੍ਰਿਆ 'ਥਾਂਇ' ਨਹੀਂ ਪੈਂਦੀ ਅਤੇ ਸਾਡੀ ਆਤਮਿਕ ਤਰੱਕੀ ਨਹੀਂ ਹੁੰਦੀ।

ਜਗਿਆਸੂਆਂ ਦੀ ਇਹ ਆਮ ਸ਼ਿਕਾਇਤ ਹੈ ਕਿ ਪਾਠ ਯਾ ਸਿਮਰਨ ਕਰਦਿਆਂ ਹੋਇਆਂ ਮਨ ਨਹੀਂ ਟਿਕਦਾ। ਇਸ ਦਾ ਮੁੱਢਲਾ ਕਾਰਣ ਇਹ ਹੈ ਕਿ ਸਾਡਾ ਮਨ ਬਾਹਰਮੁਖੀ ਹੋ ਕੇ, ਮਾਇਕੀ ਮੰਡਲ ਵਿਚ ਇਤਨਾ 'ਚੰਚਲ' ਤੇ ਮਲੀਨ ਹੋ ਗਿਆ ਹੈ ਕਿ ਇਸ ਨੂੰ ਟਿਕਣ ਯਾ ਇਕਾਗਰ ਹੋਣ ਦੀ ਜਾਚ ਹੀ ਨਹੀਂ। ਜਨਮਾਂ-ਜਨਮਾਂ ਤੋਂ ਸਾਡਾ ਮਨ ਪੁੱਠਾ 'ਮਾਇਕੀ ਚਰਖਾ' ਚਲਾਉਂਦਾ ਰਿਹਾ ਹੈ ਅਤੇ ਸਾਡਾ ਬਾਹਰਮੁਖੀ ਮਾਇਕੀ ਬਿਰਤੀ ਵਾਲਾ 'ਮਨ', ਅਤਿ ਮਲੀਨ ਹੋ ਚੁਕਿਆ ਹੈ। ਇਸ ਲਈ ਇਹਨਾਂ ਬਾਹਰਮੁਖੀ ਚੰਚਲ ਬਿਰਤੀਆਂ ਯਾ ਖਿਆਲਾਂ ਨੂੰ ਮੋੜ ਕੇ, ਅੰਤਰਮੁਖੀ ਇਕਾਗਰ ਕਰਨਾ ਅਤਿਅੰਤ ਕਠਿਨ ਹੈ।

ਬਿਰਤੀਆਂ ਨੂੰ ਅੰਤ੍ਰ-ਮੁਖੀ ਇਕਾਗਰ ਕੀਤੇ ਬਗੈਰ 'ਨਾਮ-ਸਿਮਰਨ' ਅਤੇ 'ਸਬਦ-ਸੁਰਤ' ਦੀ ਲੀਨਤਾ ਨਹੀਂ ਹੋ ਸਕਦੀ।

ਸਾਡੇ ਅੰਦਰ ਆਤਮਿਕ ਜੋਤ ਨਿਰਮਲ ਹੈ, ਜੋ 'ਸਰਬ-ਗੁਣ' ਭਰਪੂਰ ਹੈ। ਜਦ ਇਸ ਜੋਤ ਦੇ ਉਦਾਲੇ ਹਉਮੈ ਦਾ 'ਛੌੜ' ਚੜ੍ਹ ਜਾਂਦਾ ਹੈ, ਤਾਂ ਇਸ ਗਿਲਾਫ਼ ਯਾ ਛੌੜ ਉਤੇ, ਨੀਵੇਂ ਬਾਹਰਮੁਖੀ ਮਾਇਕੀ ਖਿਆਲਾਂ ਦੀ ਰੰਗਣ ਯਾ ਮੈਲ ਆਪ-ਮੁਹਾਰੇ ਚੜ੍ਹਦੀ ਜਾਂਦੀ ਹੈ। ਏਸੇ ਹਉਮੈ ਦੇ 'ਗਿਲਾਫ਼' ਨੂੰ 'ਮਨ' ਕਿਹਾ ਜਾਂਦਾ ਹੈ। ਜੋਤ ਦੀ ਰੋਸ਼ਨੀ ਤਾਂ ਉਸੇ ਤਰ੍ਹਾਂ ਹੁੰਦੀ ਹੈ, ਪਰ ਬਲਬ ਦੇ ਮੈਲੇ ਸ਼ੀਸ਼ੇ ਅਥਵਾ 'ਮਨ' ਵਿਚ ਦੀ ਜੋ ਰੋਸ਼ਨੀ ਬਾਹਰ ਵਲ ਪ੍ਰਕਾਸ਼ਤ ਹੁੰਦੀ ਹੈ ਤਾਂ ਉਹ ਮੱਧਮ ਅਤੇ ਮੈਲੀ ਹੁੰਦੀ ਜਾਂਦੀ ਹੈ। ਇਸ ਤਰ੍ਹਾਂ ਜਿਉਂ-ਜਿਉਂ ਮਲੀਨ ਖਿਆਲਾਂ ਅਤੇ ਨੀਵੀਆਂ ਰੁਚੀਆਂ ਨਾਲ ਸਾਡੇ ਮਨ ਦਾ ਬਲਬ ਮੈਲਾ ਹੁੰਦਾ ਜਾਂਦਾ ਹੈ—ਤਿਉਂ-ਤਿਉਂ ਸਾਡੇ ਮਨ ਦੇ ਭਰਮ-ਭੁਲਾਵੇ ਦਾ ਹਨੇਰ ਵੱਧਦਾ ਜਾਂਦਾ ਹੈ, ਅਤੇ ਆਤਮ ਪ੍ਰਕਾਸ਼ ਦਾ ਪ੍ਰਗਟਾਵਾ ਮੱਧਮ ਹੁੰਦਾ ਜਾਂਦਾ ਹੈ।

ਇਸ ਦੇ ਉਲਟ, ਜਿਉਂ-ਜਿਉਂ ਅਸੀਂ ਮੁੜ ਆਪਣੇ ਇਲਾਹੀ ਕੇਂਦਰ 'ਆਤਮਾ' ਵਲ ਰੁਖ ਕਰਾਂਗੇ ਅਤੇ ਉਸ ਇਲਾਹੀ 'ਜੋਤ' ਦੀ ਹੋਂਦ ਦੀ 'ਯਾਦ' ਯਾ 'ਸਿਮਰਨ' ਕਰਾਂਗੇ ਤਾਂ

—

1. ਅਗਿਆਨਤਾ ਦਾ ਹਨੇਰ ਘਟਦਾ ਜਾਵੇਗਾ।
2. ਭਰਮ-ਭੁਲੇਖੇ ਦੂਰ ਹੁੰਦੇ ਜਾਣਗੇ।
3. ਮਨ ਦੀ ਮੈਲ ਘਟਦੀ ਜਾਵੇਗੀ ।
4. ਨੀਵੀਆਂ ਰੁਚੀਆਂ ਘਟਦੀਆਂ ਜਾਣਗੀਆਂ।
5. ਇਲਾਹੀ ਗੁਣ ਪ੍ਰਵੇਸ਼ ਹੁੰਦੇ ਜਾਂਣਗੇ।
6. ਇਲਾਹੀ ਦੇਸ ਦੀਆਂ ਬਰਕਤਾਂ ਦੇ ਪਾਤਰ ਹੁੰਦੇ ਜਾਵਾਂਗੇ।
7. ਸਤਿਗੁਰੂ ਦੀਆਂ ਬਖਸ਼ਿਸ਼ਾਂ ਦਾ ਪ੍ਰਵਾਹ ਚਲ ਪਵੇਗਾ।
8. 'ਸਬਦ-ਸੁਰਤ' ਲੀਨਤਾ ਪ੍ਰਦਾਨ ਹੋਵੇਗੀ।
9. ਆਤਮ-ਮੰਡਲ ਦੇ ਪ੍ਰਕਾਸ਼ ਮੰਡਲ ਵਿਚ ਵਾਸਾ ਹੋਵੇਗਾ।

ਅਸੀਂ ਸਿਰਫ਼ ਬਾਹਰਮੁਖੀ ਦਿਸਣਹਾਰ 'ਮੈਲ' ਤੋਂ ਹੀ ਜਾਣੂ ਹਾਂ ਅਤੇ ਇਸ ਮੈਲ ਨੂੰ ਲਾਹੁਣ ਦਾ ਅਤਿਅੰਤ ਜਤਨ ਕਰਦੇ ਹਾਂ, ਜਿਸ ਤਰ੍ਹਾਂ ਕਿ —

ਨਿਤ ਨਹਾਉਂਦੇ ਹਾਂ।
ਦਾਤਣ-ਕੁਰਲਾ ਕਰਦੇ ਹਾਂ।
ਮੁੜ-ਮੁੜ ਹੱਥ ਧੋਂਦੇ ਹਾਂ।
ਨਿਤ ਕਪੜੇ ਧੋ ਕੇ ਪ੍ਰੈਸ ਕਰਦੇ ਹਾਂ।
ਨਿਤ ਕਪੜੇ ਬਦਲਦੇ ਹਾਂ।
ਘਰ ਦੀ ਸਫ਼ਾਈ ਰਖਦੇ ਹਾਂ।
ਉਦਾਲੇ-ਪੁਦਾਲੇ ਦੀ ਸਫ਼ਾਈ ਕਰਦੇ ਹਾਂ।

ਪਰ ਫੇਰ ਭੀ ਇਹ ਦਿਸਣਹਾਰ 'ਮੈਲ' ਸਾਨੂੰ ਮੁੜ-ਮੁੜ ਕੇ ਚਿੰਮੜਦੀ ਹੈ ਅਤੇ ਇਸ ਤੋਂ ਬਚਣ ਲਈ ਭੀ ਅਨੇਕਾਂ ਪ੍ਰਬੰਧ ਕਰਦੇ ਰਹਿੰਦੇ ਹਾਂ। ਇਸ ਦਿਸਣਹਾਰ ਮੈਲ ਤੋਂ ਇਲਾਵਾ, ਹੋਰ ਕਿਸੇ 'ਮੈਲ' ਦੀ ਬਾਬਤ ਸਾਨੂੰ —

ਪਤਾ ਹੀ ਨਹੀਂ।
ਸੋਝੀ ਹੀ ਨਹੀਂ।
ਗਹੁ ਨਹੀਂ ਕਰਦੇ।
ਬੇ-ਪ੍ਰਵਾਹ ਹਾਂ।
ਬੇ-ਫਿਕਰ ਹਾਂ।

ਹਾਲਾਂ ਕਿ ਇਸ ਤੋਂ ਇਲਾਵਾ—ਸਾਡੇ ਹਿਰਦੇ ਅੰਦਰ ਜੋ ਮਨ ਦੀ 'ਮੈਲ' ਲਗੀ ਹੋਈ ਹੈ, ਉਸ ਦੀ ਬਾਬਤ ਨਿਤਾਪ੍ਰਤੀ ਧਰਮ ਗ੍ਰੰਥਾਂ ਵਿਚੋਂ ਕਥਾ-ਕੀਰਤਨ ਆਦਿ

ਸੁਣਦਿਆਂ-ਪੜ੍ਹਦਿਆਂ ਭੀ ਸਾਨੂੰ ਇਸ ਮਾਨਸਿਕ ਮੈਲ ਦੀ ਸੋਝੀ ਨਹੀਂ ਆਉਂਦੀ।

ਗੁਰਬਾਣੀ ਵਿਚ ਸਾਡੀ ਇਸ ਅਣਗਹਿਲੀ ਬਾਬਤ ਇਉਂ ਲਿਖਿਆ ਹੈ —

ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥
ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥ (ਪੰ-੧੩੯)

ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥
ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥ (ਪੰ-੨੬5)

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥ (ਪੰਨਾ-੩੯)

'ਬਾਹਰਲੀ ਮੈਲ' ਤਾਂ ਛੇਤੀ ਲਹਿ ਜਾਂਦੀ ਹੈ ਅਤੇ ਇਸ ਤੋਂ ਬਚਾਉ ਦੇ ਸਾਧਨ ਭੀ ਕਰ ਲੈਂਦੇ ਹਾਂ। ਪਰ 'ਮਨ ਦੀ ਮੈਲ' ਤਾਂ ਸਾਡੀਆਂ ਨੀਵੀਆਂ ਰੁਚੀਆਂ ਅਤੇ ਮੈਲੇ ਖਿਆਲਾਂ ਨਾਲ, ਨਿਤਾ-ਪ੍ਰਤੀ ਅਣਜਾਣੇ ਹੀ ਗਾੜ੍ਹੀ ਹੋ ਕੇ, ਹਿਰਦੇ ਦੀਆਂ ਡੂੰਘਿਆਈਆਂ ਵਿਚ ਉਤਰ ਕੇ, ਸਾਡੇ ਅੰਤਿਸ਼ਕਰਨ ਦੇ 'ਸਟੋਰ' ਵਿਚ ਜਮ੍ਹਾਂ ਹੁੰਦੀ ਜਾਂਦੀ ਹੈ।

ਇਸ ਮਾਨਸਿਕ ਮੈਲ ਦੀ ਜ਼ਹਿਰੀਲੀ 'ਹਵਾੜ' ਅਨੁਸਾਰ ਸਾਡੀ —

ਦ੍ਰਿਸ਼ਟੀ
ਖਿਆਲ
ਸੋਚਣੀ
ਵਿਚਾਰ
ਨਿਸਚੇ
ਸ਼ਰਧਾ-ਭਾਵਨੀ
ਵਲਵਲੇ
ਧਰਮ
ਕਰਮ
ਸੁਭਾਉ
ਆਚਾਰ, ਅਤੇ
ਜੀਵਨ

ਅਣਜਾਣੇ ਹੀ ਮੈਲਾ ਬਣਦਾ ਜਾ ਰਿਹਾ ਹੈ।

ਭਾਵੇਂ ਇਹ ਅੰਦਰਲੀ ਮਾਨਸਿਕ ਮੈਲ ਅਤਿ ਦੀਰਘ ਅਤੇ ਹਾਨੀਕਾਰਕ ਹੈ, ਪਰ ਸਾਨੂੰ ਇਸ ਦੀ ਕੋਈ ਸੋਝੀ ਨਹੀਂ ਅਤੇ ਨਾ ਹੀ ਇਸ ਦੇ ਖਤਰਨਾਕ ਨਤੀਜਿਆਂ ਤੋਂ ਅਸੀਂ ਜਾਣੂ ਹਾਂ।

ਅੰਤਰਿ ਮੈਲੁ ਲਗੀ ਨਹੀਂ ਜਾਣੈ ਬਾਹਰਹੁ ਮਲਿ ਮਲਿ ਧੋਵੈ॥ (ਪੰ-੧੩੯)

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਗੁਰਬਾਣੀ ਵਿਚ ਦਰਸਾਏ, ਇਸ ਦੇ ਭਿਆਨਕ ਅਤੇ ਖਤਰਨਾਕ ਨਤੀਜਿਆਂ ਦੀ ਬਾਬਤ ਪੜ੍ਹਦੇ, ਸੁਣਦੇ, ਗਾਉਂਦੇ ਹੋਏ ਭੀ, ਅਸੀਂ ਇਸ ਅੰਦਰਲੀ ਮਾਨਸਿਕ ਗਿਲਾਨੀ ਤੋਂ ਅਣਜਾਦ, ਅਵੇਸਲੇ ਹੋ ਕੇ, ਇਸ ਤੋਂ ਬਚਣ ਦਾ ਕੋਈ ਉਪਰਾਲਾ ਨਹੀਂ ਕਰ ਰਹੇ — ਬਲਕਿ ਆਪਣੀ ਸਧਾਰਣ ਰੋਜ਼ਾਨਾ 'ਜੀਵਨ ਰੋੜ੍ਹ' (routine) ਵਿਚ ਸਹਿਜ-ਸੁਭਾਇ ਖਿਨ-ਖਿਨ ਹੋਰ 'ਮੈਲ' ਚੜ੍ਹਾ ਰਹੇ ਹਾਂ।

(ਚਲਦਾ.......)